# ਦਫਤਰ ਨਗਰ ਨਿਗਮ ਹੁਸ਼ਿਆਰਪੁਰ

## ਪ੍ਰੈਸ ਨੋਟ

## ਪ੍ਰਾਪਰਟੀ ਸੀਲ ਕਰਨ ਵਾਲੀ ਟੀਮ ਵਲੋਂ 6 ਮਾਲਕਾਂ ਤੋਂ ਮੌਕੇ ਤੇ ਹੀ 1,36,932/-ਰੁਪਏ ਪ੍ਰਾਪਰਟੀ ਟੈਕਸ ਵਜੋ ਵਸੂਲ ਕੀਤੇ .........ਕਾਰਜ ਸਾਧਕ ਅਫਸਰ

ਹੁਸ਼ਿਆਰਪੁਰ 25 ਮਾਰਚ ਨਗਰ ਨਿਗਮ, ਹੁਸ਼ਿਆਰਪੁਰ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 138 (ਸੀ) ਅਧੀਨ ਜਾਇਦਾਦ ਸੀਲ ਕਰਨ ਸਬੰਧੀ ਜਾਰੀ ਮੁਹਿਮ ਤਹਿਤ ਪ੍ਰਾਪਰਟੀ ਟੈਕਸ ਨਾ ਦੇਣ ਵਾਲੇ ਮਾਲਕਾਂ ਦੀ ਪ੍ਰਾਪਰਟੀ ਸੀਲ ਕਰਨ ਸਬੰਧੀ ਨਗਰ ਨਿਗਮ ਦੇ ਸੁਪਰਡੰਟ ਸੁਆਮੀ ਸਿੰਘ ਦੀ ਅਗਵਾਈ ਵਿਚ ਭੇਜੀ ਗਈ ਟੀਮ ਵੱਲੋਂ ਮੌਕੇ ਤੇ ਹੀ 6 ਪ੍ਰਾਪਰਟੀ ਮਾਲਕਾਂ ਤੋ 1,36,932/-ਰੁਪਏ ਮੌਕੇ ਤੇ ਹੀ ਪ੍ਰਾਪਰਟੀ ਟੈਕਸ ਵਜੋ ਵਸੂਲ ਕੀਤੇ। ਉਨਾ ਦੱਸਿਆ ਕਿ ਇਹਨਾਂ ਦੁਕਾਨਦਾਰਾਂ ਨੂੰ ਪ੍ਰਾਪਰਟੀ ਟੈਕਸ ਜਮਾਂ ਨਾ ਕਰਵਾਉਣ ਸਬੰਧੀ 137 ਅਤੇ 138 (ਸੀ) ਦੇ ਨੋਟਿਸ ਦਿੱਤੇ ਗਏ ਸਨ ਜਿਸ ਦੇ ਬਾਵਜੂਦ ਵੀ ਉਹਨਾਂ ਵਲੋਂ ਬਣਦੀ ਰਕਮ ਜਮਾਂ ਨਹੀ ਕਰਵਾਈ ਸੀ।

ਕਾਰਜ ਸਾਧਕ ਅਫਸਰ ਨਗਰ ਨਿਗਮ ਹੁਸ਼ਿਆਰਪੁਰ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਾਪਰਟੀ ਟੈਕਸ ਦਾ ਬਕਾਇਆ ਅਤੇ ਸਾਲ 2013-14, 2014-15, 2015-16 ਅਤੇ 2016-17 ਦੀ ਬਣਦੀ ਪ੍ਰਾਪਰਟੀ ਟੈਕਸ ਦੀ ਰਾਸ਼ੀ ਨਗਰ ਨਿਗਮ ਦੇ ਦਫਤਰ ਵਿਖੇ ਤੁਰੰਤ ਜਮਾਂ ਕਰਵਾਉਣ ਇਹ ਰਾਸ਼ੀ ਜਮਾਂ ਨਾ ਕਰਵਾਉਣ ਵਾਲੇ ਜਾਇਦਾਦਾਂ ਦੇ ਮਾਲਕਾਂ ਨੂੰ 112-ਏ ਦੇ ਨੋਟਿਸ ਭੇਜੇ ਜਾ ਰਹੇ ਹਨ ਜਿਸ ਵਿਚ 7 ਦਿਨ ਦਾ ਸਮਾਂ ਦਿੱਤਾ ਜਾਵੇਗਾ ਇਸ ਉਪਰੰਤ 138-ਸੀ ਦੇ ਨੋਟਿਸ ਭੇਜੇ ਜਾਣਗੇ ਜਿਸ ਵਿਚ 7 ਦਿਨ ਦਾ ਸਮਾਂ ਦਿੱਤਾ ਜਾਵੇਗਾ ਇਸ ਸਮੇਂ ਦੌਰਾਨ ਪ੍ਰਾਰਥੀ ਵਲੋਂ ਟੈਕਸ ਨਾ ਜਮਾਂ ਕਰਵਾਉਣ ਦੀ ਸੂਰਤ ਵਿਚ ਜਾਇਦਾਦ ਸੀਲ ਕਰਨ ਸਬੰਧੀ ਲੋੜੀਦੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਪ੍ਰਾਪਰਟੀ ਟੈਕਸ ਨਾ ਦੇਣ ਵਾਲੇ ਮਾਲਕਾਂ ਦੇ ਖਿਲਾਫ ਪ੍ਰਾਪਰਟੀ ਸੀਲ ਕਰਨ ਦੀ ਮੁਹਿਮ ਜਾਰੀ ਰਹੇਗੀ। ਜਾਇਦਾਦ ਸੀਲ ਕਰਨ ਵਾਲੀ ਟੀਮ ਵਿਚ ਇੰਸਪੈਕਟਰ ਮੁਕਲ ਕੇਸਰ, ਕੇਹਰ ਸਿੰਘ, ਮੁਕੇਸ਼ ਅਤੇ ਗੋਰਵ ਸ਼ਰਮਾ ਵੀ ਸ਼ਾਮਿਲ ਸਨ।